# ਵਿਕਟੋਰੀਆ ਦੇ ਨਵੇਂ ਮਾਨਸਿਕ ਸਿਹਤ ਅਤੇ ਭਲਾਈ ਕਾਨੂੰਨ ਬਾਰੇ ਜਾਣਕਾਰੀ

Punjabi | ਪੰਜਾਬੀ

**OFFICIAL**

## ਵਿਕਟੋਰੀਆ ਦਾ ਨਵਾਂ ਮਾਨਸਿਕ ਸਿਹਤ ਅਤੇ ਭਲਾਈ ਕਾਨੂੰਨ

ਇਸ ਤੱਥ ਸ਼ੀਟ ਵਿੱਚ ਵਿਕਟੋਰੀਆ ਦੇ ਨਵੇਂ ਮਾਨਸਿਕ ਸਿਹਤ ਅਤੇ ਭਲਾਈ ਕਾਨੂੰਨ (*ਮਾਨਸਿਕ ਸਿਹਤ ਅਤੇ ਭਲਾਈ ਕਾਨੂੰਨ 2022*) ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰਨ ਲਈ ਜਾਣਕਾਰੀ ਹੈ।

ਇਹ ਨਵਾਂ ਕਾਨੂੰਨ ਮਨੁੱਖੀ ਅਧਿਕਾਰਾਂ 'ਤੇ ਆਧਾਰਿਤ ਹੈ। ਇਸਦਾ ਉਦੇਸ਼ ਹੈ:

- ਲੋਕਾਂ ਦੀ ਮੱਦਦ ਕਰਨਾ ਕਿ ਉਨ੍ਹਾਂ ਦੀ ਮਾਨਸਿਕ ਸਿਹਤ ਚੰਗੀ ਰਹੇ
- ਮਾਨਸਿਕ ਰੋਗ ਵਾਲੇ ਲੋਕਾਂ ਦੀ ਸੁਰੱਖਿਆ ਕਰਨਾ
- ਮਾਨਸਿਕ ਬਿਮਾਰੀ ਵਾਲੇ ਲੋਕਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਮੱਦਦ ਕਰਨਾ।

ਇਸ ਨਵੇਂ ਕਾਨੂੰਨ ਵਿੱਚ ਇਹ ਯਕੀਨੀ ਬਣਾਉਣ ਲਈ ਸਿਧਾਂਤ ਹਨ ਕਿ ਮਾਨਸਿਕ ਸਿਹਤ ਅਤੇ ਭਲਾਈ ਸੇਵਾਵਾਂ ਹਰੇਕ ਲਈ ਸੁਰੱਖਿਅਤ ਹਨ। ਇਸਦਾ ਮਤਲਬ ਹੈ ਕਿ ਉਹ ਸ਼ਮੂਲੀਅਤ ਭਰੀਆਂ ਅਤੇ ਪਹੁੰਚਯੋਗ ਹਨ।

ਇਹ ਸਿਧਾਂਤ ਕਹਿੰਦੇ ਹਨ ਕਿ ਮਾਨਸਿਕ ਸਿਹਤ ਸੇਵਾਵਾਂ ਨੂੰ ਭਾਈਚਾਰੇ ਦੇ ਸਾਰੇ ਲੋਕਾਂ ਦਾ ਲਾਜ਼ਮੀ ਆਦਰ ਕਰਨਾ ਚਾਹੀਦਾ ਹੈ, ਜਿਸ ਵਿੱਚ ਵੱਖ-ਵੱਖ ਸੱਭਿਆਚਾਰਾਂ, ਭਾਸ਼ਾ ਸਮੂਹਾਂ ਅਤੇ ਧਾਰਮਿਕ ਪਿਛੋਕੜ ਵਾਲੇ ਲੋਕ ਸ਼ਾਮਲ ਹਨ।

## ਅਧਿਕਾਰਾਂ ਬਾਰੇ ਬਿਆਨ

ਇਹ ਨਵਾਂ ਕਾਨੂੰਨ ਕਹਿੰਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਹਸਪਤਾਲ ਵਿੱਚ ਆਪਣੀ ਮਾਨਸਿਕ ਸਿਹਤ ਲਈ ਮੱਦਦ ਮਿਲ ਰਹੀ ਹੈ ਤਾਂ ਉਸਨੂੰ ਲਾਜ਼ਮੀ ਤੌਰ 'ਤੇ ਅਧਿਕਾਰਾਂ ਬਾਰੇ ਬਿਆਨ ਦਿੱਤਾ ਜਾਣਾ ਚਾਹੀਦਾ ਹੈ।

ਅਧਿਕਾਰਾਂ ਬਾਰੇ ਬਿਆਨ ਇੱਕ ਅਜਿਹਾ ਦਸਤਾਵੇਜ਼ ਹੈ ਜੋ ਕਿਸੇ ਵਿਅਕਤੀ ਦੇ ਕਾਨੂੰਨੀ ਅਧਿਕਾਰਾਂ ਬਾਰੇ ਦੱਸਦਾ ਹੈ। ਹਸਪਤਾਲ ਦੇ ਸਟਾਫ਼ ਨੂੰ ਅਧਿਕਾਰਾਂ ਬਾਰੇ ਬਿਆਨ ਨੂੰ ਸਮਝਣ ਵਿੱਚ ਇਲਾਜ ਕਰਵਾ ਰਹੇ ਵਿਅਕਤੀ ਦੀ ਮੱਦਦ ਕਰਨੀ ਚਾਹੀਦੀ ਹੈ।

ਇਹ ਅਧਿਕਾਰਾਂ ਬਾਰੇ ਬਿਆਨ ਦਾ ਭਾਈਚਾਰਕ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਸਿਹਤ ਵਿਭਾਗ ਦੀ ਵੈੱਬਸਾਈਟ www.health.vic.gov.au/mental-health-and-wellbeing-act 'ਤੇ ਉਪਲਬਧ ਹੈ।

## ਤਰਜੀਹਾਂ ਬਾਰੇ ਅਗਾਊਂ ਬਿਆਨ

ਤਰਜੀਹਾਂ ਬਾਰੇ ਅਗਾਊਂ ਬਿਆਨ ਦੇਣਾ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਇਸ ਬਾਰੇ ਲਿਖਦਾ ਹੈ ਕਿ ਉਹ ਆਪਣੀ ਮਾਨਸਿਕ ਸਿਹਤ ਦੇ ਇਲਾਜ ਅਤੇ ਦੇਖਭਾਲ ਵਿੱਚ ਕੀ ਕਰਨਾ ਚਾਹੁੰਦਾ ਹੈ ਅਤੇ ਕੀ ਨਹੀਂ ਕਰਨਾ ਚਾਹੁੰਦਾ।

ਤਰਜੀਹਾਂ ਬਾਰੇ ਅਗਾਊਂ ਬਿਆਨ ਇਹ ਦੱਸ ਸਕਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਲਾਜ਼ਮੀ ਇਲਾਜ ਕਰਵਾਉਣਾ ਪੈਂਦਾ ਹੈ ਤਾਂ ਉਹ ਕਿਵੇਂ ਮੱਦਦ ਲੈਣਾ ਚਾਹੁੰਦਾ ਹੈ। ਉਦਾਹਰਨ ਲਈ, ਉਹ ਕਹਿ ਸਕਦੇ ਹਨ ਕਿ ਉਹਨਾਂ ਨੂੰ ਕੋਈ ਦਵਾਈ ਨਹੀਂ ਚਾਹੀਦੀ ਹੈ।

ਸਟਾਫ਼ ਨੂੰ ਲਾਜ਼ਮੀ ਉਹੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਬਿਆਨ ਵਿੱਚ ਲਿਖਿਆ ਹੈ। ਜੇ ਸਟਾਫ਼ ਉਹ ਨਹੀਂ ਕਰਦਾ ਹੈ ਜੋ ਬਿਆਨ ਵਿੱਚ ਲਿਖਿਆ ਹੈ, ਤਾਂ ਉਹਨਾਂ ਨੂੰ ਇਹ ਲਿਖਤੀ ਵਿੱਚ ਦੇਣਾ ਲਾਜ਼ਮੀ ਹੈ ਕਿ ਕਿਉਂ।

ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਤਰਜੀਹਾਂ ਦਾ ਅਗਾਊਂ ਬਿਆਨ ਬਣਾ ਸਕਦਾ ਹੈ।

# ਇੱਕ ਨਾਮਜ਼ਦ ਸਹਾਇਕ ਵਿਅਕਤੀ

ਨਾਮਜ਼ਦ ਸਹਾਇਕ ਵਿਅਕਤੀ ਉਹ ਵਿਅਕਤੀ ਹੁੰਦਾ ਹੈ ਜਿਸ ਕਿਸੇ ਨੂੰ ਉਹ ਵਿਅਕਤੀ ਉਹਨਾਂ ਦੀ ਮੱਦਦ ਕਰਨ ਲਈ ਚੁਣਦਾ ਹੈ ਜੇਕਰ ਉਹਨਾਂ ਨੂੰ ਲਾਜ਼ਮੀ ਇਲਾਜ ਕਰਵਾਉਣਾ ਪੈਂਦਾ ਹੈ।

ਨਾਮਜ਼ਦ ਸਹਾਇਕ ਵਿਅਕਤੀ ਉਸ ਵਿਅਕਤੀ ਦੀ ਇਨ੍ਹਾਂ ਗੱਲਾਂ ਵਿੱਚ ਮੱਦਦ ਕਰ ਸਕਦਾ ਹੈ:

- ਮਾਨਸਿਕ ਸਿਹਤ ਦੇ ਇਲਾਜ ਅਤੇ ਦੇਖਭਾਲ ਬਾਰੇ ਫ਼ੈਸਲੇ ਲੈਣ ਲਈ
- ਡਾਕਟਰਾਂ ਨੂੰ ਇਹ ਦੱਸਣ ਲਈ ਕਿ ਉਹ ਵਿਅਕਤੀ ਕੀ ਚਾਹੁੰਦਾ ਹੈ।

ਉਸ ਵਿਅਕਤੀ ਨੂੰ ਇਹ ਲਾਜ਼ਮੀ ਲਿਖਤੀ ਰੂਪ ਵਿੱਚ ਦੇਣਾ ਚਾਹੀਦਾ ਹੈ ਕਿ ਉਹ ਕਿਸ ਨੂੰ ਆਪਣੇ ਨਾਮਜ਼ਦ ਸਹਾਇਕ ਵਿਅਕਤੀ ਵਜੋਂ ਚਾਹੁੰਦੇ ਹਨ, ਅਤੇ ਉਹਨਾਂ ਨੂੰ ਨਾਮਜ਼ਦ ਸਹਾਇਕ ਵਿਅਕਤੀ ਬਣਨ ਲਈ ਸਹਿਮਤ ਹੋਣਾ ਚਾਹੀਦਾ ਹੈ।

# ਕਾਨੂੰਨ-ਰਹਿਤ ਵਕਾਲਤ

ਇੱਥੇ ਇੱਕ ਕਾਨੂੰਨ-ਰਹਿਤ ਮਾਨਸਿਕ ਸਿਹਤ ਵਕਾਲਤ ਸੇਵਾ ਨਾਮਕ ਸੇਵਾ ਹੈ।

ਕਾਨੂੰਨ-ਰਹਿਤ ਵਕਾਲਤ ਦਾ ਮਤਲਬ ਹੈ ਕਿ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਤੋਂ ਮੱਦਦ ਮਿਲੇਗੀ ਜੋ ਵਕੀਲ ਨਹੀਂ ਹੈ। ਇਸ ਵਿਅਕਤੀ ਨੂੰ ਹਿਮਾਇਤੀ (ਪੱਖ-ਪੂਰਕ) ਕਿਹਾ ਜਾਂਦਾ ਹੈ।

ਜੇਕਰ ਕਿਸੇ ਵਿਅਕਤੀ ਦਾ ਲਾਜ਼ਮੀ ਇਲਾਜ ਕੀਤਾ ਜਾਂਦਾ ਹੈ, ਤਾਂ ਉਸਨੂੰ ਹਿਮਾਇਤੀ ਤੋਂ ਮੱਦਦ ਲੈਣ ਦੀ ਲਾਜ਼ਮੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਉਹ ਵਿਅਕਤੀ ਨਾਂਹ ਕਹਿ ਸਕਦਾ ਹੈ ਜੇਕਰ ਉਹ ਹਿਮਾਇਤੀ ਨਹੀਂ ਬਣਨਾ ਚਾਹੁੰਦਾ ਹੈ।

ਇਸ ਸੇਵਾ ਦਾ ਨਾਂ 'ਇੰਡੀਪੈਂਡੈਂਟ ਮੈਂਟਲ ਹੈਲਥ ਐਡਵੋਕੇਸੀ' (IMHA) ਹੈ।

# ਮਾਨਸਿਕ ਸਿਹਤ ਅਤੇ ਭਲਾਈ ਕਮਿਸ਼ਨ

ਇੱਕ ਨਵਾਂ ਮਾਨਸਿਕ ਸਿਹਤ ਅਤੇ ਭਲਾਈ ਕਮਿਸ਼ਨ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰਦਾ ਹੈ ਕਿ ਮਾਨਸਿਕ ਸਿਹਤ ਸੇਵਾਵਾਂ ਸੁਰੱਖਿਅਤ ਅਤੇ ਸਾਰਿਆਂ ਲਈ ਉਪਲਬਧ ਹਨ।

ਜੇਕਰ ਕੋਈ ਵਿਅਕਤੀ ਮਾਨਸਿਕ ਸਿਹਤ ਅਤੇ ਭਲਾਈ ਸੇਵਾ ਤੋਂ ਖੁਸ਼ ਨਹੀਂ ਹੈ, ਤਾਂ ਉਹ ਇਸ ਕਮਿਸ਼ਨ ਨੂੰ ਦੱਸ ਸਕਦਾ ਹੈ। ਇਹ ਕਮਿਸ਼ਨ ਗੱਲ ਸੁਣੇਗਾ ਅਤੇ ਹੱਲ ਕੱਢਣ ਦੀ ਕੋਸ਼ਿਸ਼ ਕਰੇਗਾ।

# ਜਾਣਕਾਰੀ ਕਿਵੇਂ ਵਰਤੀ ਅਤੇ ਸਾਂਝੀ ਕੀਤੀ ਜਾਂਦੀ ਹੈ?

ਇਹ ਨਵਾਂ ਕਾਨੂੰਨ ਕਹਿੰਦਾ ਹੈ ਕਿ ਮਾਨਸਿਕ ਸਿਹਤ ਅਤੇ ਭਲਾਈ ਸੇਵਾਵਾਂ ਦੂਜੇ ਲੋਕਾਂ ਨਾਲ ਜਾਣਕਾਰੀ ਸਾਂਝੀ ਕਰ ਸਕਦੀਆਂ ਹਨ

- ਜੇਕਰ ਕੋਈ ਵਿਅਕਤੀ ਇਸ ਲਈ ਹਾਂ ਕਹਿੰਦਾ ਹੈ
- ਜਾਂ ਕਈ ਵਾਰ ਕਿਸੇ ਵਿਅਕਤੀ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਲਈ ਅਜਿਹਾ ਕਰਦੀਆਂ ਹਨ।

ਇਸ ਨਵੇਂ ਕਾਨੂੰਨ ਦੇ ਤਹਿਤ, ਲੋਕਾਂ ਨੂੰ ਸਭ ਤੋਂ ਵਧੀਆ ਸੰਭਵ ਸਹਾਇਤਾ ਦੇਣ ਲਈ ਹੋਰ ਸੇਵਾਵਾਂ ਨਾਲ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ।

ਇਹ

- ਰਿਹਾਇਸ਼ੀ ਸੇਵਾਵਾਂ,
- ਡਰੱਗ ਅਤੇ ਅਲਕੋਹਲ ਸੇਵਾਵਾਂ ਹੋ ਸਕਦੀਆਂ ਹਨ।

ਉਹ ਵਿਅਕਤੀ ਇਹ ਚੁਣ ਸਕਦਾ ਹੈ ਕਿ ਕੀ ਉਹ ਹੋਰ ਸੇਵਾਵਾਂ ਨਾਲ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹੈ ਜਾਂ ਨਹੀਂ।

ਐਮਰਜੈਂਸੀ ਦੀ ਸਥਿਤੀ ਵਿੱਚ ਐਂਬੂਲੈਂਸ ਸੇਵਾ ਨਾਲ ਵੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ।

# ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਸਭ ਤੋਂ ਤਾਜ਼ਾ ਜਾਣਕਾਰੀ ਲਈ ਕਿਰਪਾ ਕਰਕੇ ਵਿਕਟੋਰੀਆ ਦੇ ਸਿਹਤ ਵਿਭਾਗ ਦੀ ਵੈੱਬਸਾਈਟ 'ਤੇ ਮਾਨਸਿਕ-ਸਿਹਤ-ਅਤੇ-ਭਲਾਈ-ਕਾਨੂੰਨ <https://www.health.vic.gov.au/mental-health-and-wellbeing-act> ਪੰਨੇ 'ਤੇ ਜਾਓ।

ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ mhwa@health.vic.gov.au <mhwa@health.vic.gov.au> 'ਤੇ ਈਮੇਲ ਕਰੋ।

ਵਿਕਟੋਰੀਅਨ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ।

© State of Victoria, Australia, Department of Health, August 2023.

ISBN 978-1-76131-213-7 (ਔਨਲਾਈਨ/PDF/word)

ਮਾਨਸਿਕ ਸਿਹਤ ਅਤੇ ਭਲਾਈ ਕਾਨੂੰਨ ਵੈੱਬਸਾਈਟ 'ਤੇ ਉਪਲਬਧ ਹੈ <https://www.health.vic.gov.au/mental-health-and-wellbeing-act>